REG/OP/2020/23

# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ

## (ਰਜਿਸਟਰਾਰ ਦਫਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/698

ਮਿਤੀ : 03 /05/2020

## ਦਫਤਰੀ ਹੁਕਮ

ਵਿਸ਼ਾ: **ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜਰ ਯੂਨੀਵਰਸਿਟੀ, ਮੇਨ ਅਤੇ ਹੋਰ ਕੈਂਪਸ ਅਤੇ ਮਾਨਤਾ ਪ੍ਰਾਪਤ ਕਾਲਜ ਮਿਤੀ 17/05/2020 ਤੱਕ ਬੰਦ ਰਹਿਣ ਸਬੰਧੀ।**

ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਕਰੋਨਾ ਵਾਇਰਸ ਦੇ ਖਤਰੇ ਕਾਰਨ ਪੈਦਾ ਹੋਈ ਸਥਿਤੀ ਦੇ ਮੱਦੇਨਜਰ ਕਰਫਿਊ/ਲਾਕ ਡਾਊਨ ਦੀ ਮਿਆਦ'ਚ 17/05/2020 ਤੱਕ ਵਾਧਾ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਦਫਤਰੀ ਹੁਕਮ ਨੰਬਰ ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/606-612 ਮਿਤੀ 15/03/2020, ਦਫਤਰੀ ਹੁਕਮ ਨੰਬਰ ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/629-636 ਮਿਤੀ 31/03/2020 ਅਤੇ ਦਫਤਰੀ ਹੁਕਮ ਨੰਬਰ ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/654-661 ਮਿਤੀ 14/04/2020 ਦੀ ਲਗਾਤਾਰਤਾ ਵਿੱਚ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਮੇਨ ਅਤੇ ਹੋਰ ਕੈਂਪਸ ਅਤੇ ਯੂਨੀਵਰਸਿਟੀ ਅਧੀਨ ਮਾਨਤਾ ਪ੍ਰਾਪਤ ਸਮੂਹ ਕਾਲਜ ਮਿਤੀ 17/05/2020 ਤੱਕ ਬੰਦ ਰਹਿਣਗੇ।

ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅਤੀ ਜਰੂਰੀ ਸੇਵਾਵਾਂ, ਪਹਿਲਾਂ ਮਿੱਥੇ ਜਰੂਰੀ ਕੰਮ ਅਤੇ ਘਰ ਤੋਂ ਕੀਤੇ ਜਾ ਸਕਣ ਵਾਲੇ/ਆਨ ਲਾਈਨ ਕੰਮ ਕੀਤੇ ਜਾ ਸਕਦੇ ਹਨ। ਸਮੂਹ ਅਧਿਕਾਰੀ ਅਤੇ ਕਰਮਚਾਰੀ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲੱਬਧ ਰਹਿਣਗੇ। ਵਿਭਾਗ ਮੁੱਖੀ ਪੂਰੀ ਇਹਤਿਆਤ ਰੱਖਦੇ ਹੋਏ ਲੋੜ ਪੈਣ ਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬੁਲਾ ਸਕਦੇ ਹਨ।

ਡਾਇਰੈਕਟਰ (ਮੇਨ ਅਤੇ ਹੋਰ ਕੈਂਪਸ), ਵਿਭਾਗ ਮੁੱਖੀ (ਟੀਚਿੰਗ), ਪ੍ਰਿੰਸੀਪਲ/ਡਾਇਰੈਕਟਰ (ਮਾਨਤਾ ਪ੍ਰਾਪਤ ਕਾਲਜ) ਨੂੰ ਯੂਨੀਵਰਸਿਟੀ ਦੇ ਦਫਤਰੀ ਹੁਕਮ ਨੰਬਰ ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/621-628 ਮਿਤੀ 27/03/2020 ਦੀ ਲਗਾਤਾਰਤਾ ਵਿੱਚ ਮੁੜ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਆਨਲਾਈਨ ਪੜਾਉਣਾ ਯਕੀਨੀ ਬਣਾਇਆ ਜਾਵੇ।

ਸਮੂਹ ਸਬੰਧਤ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**

ਪਿੱਠ ਅੰ:ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/699-705

ਮਿਤੀ : 03 /05/2020

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ
2. ਸਮੂਹ ਵਿਭਾਗ ਮੁੱਖੀ/ਇੰਚਾਰਜ (ਨਾਨ ਟੀਚਿੰਗ)
3. ਡਾਇਰੈਕਟਰ (ਮੇਨ ਅਤੇ ਹੋਰ ਕੈਂਪਸ): ਆਪ ਦੇ ਅਧੀਨ ਆਉਂਦੇ ਸਮੂਹ ਡਿਪਟੀ ਡੀਨ (ਫੈਕਲਟੀ), ਵਿਭਾਗ ਮੁੱਖੀ (ਟੀਚਿੰਗ)/ਇੰਚਾਰਜ ਕੰਸਟੀਚਿਊਟ ਕੈਂਪਸਾਂ ਨੂੰ ਜਾਣੂ ਕਰਾਉਣ ਹਿੱਤ।
4. ਡਾਇਰੈਕਟਰ (ਕਾਲਜ ਵਿਕਾਸ): ਸਮੂਹ ਮਾਨਤਾ ਪ੍ਰਾਪਤ ਕਾਲਜਾਂ ਨੂੰ ਸੂਚਿਤ ਕਰਨ ਹਿੱਤ।
5. ਡਿਪਟੀ ਰਜਿਸਟਰਾਰ (ਮਾਨਵ ਸ੍ਰੋਤ ਪ੍ਰਬੰਧਨ)
6. ਪ੍ਰਿੰਸੀਪਲ/ਡਾਇਰੈਕਟਰ, ਸਮੂਹ ਮਾਨਤਾ ਪ੍ਰਾਪਤ ਕਾਲਜ
7. ਇੰਚਾਰਜ (ਆਈ.ਟੀ.ਐਸ.): ਵੈਬਸਾਈਟ ਤੇ ਅਪਲੋਡ ਕਰਨ ਹਿੱਤ।

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾ**